UGC Approved

ISSN : 2456 - 253X

ਮਨੁੱਖੀ ਕਦਰਾਂ ਦਾ ਰਚਨਾਤਮਕ ਸਫ਼ਰ

# ਆਬਰੂ

ਅਪ੍ਰੈਲ - ਜੂਨ 2023



RNI : JKPUN/2002/6333

UGC Care List

ISSN : 2456 - 253X

# ਆਬਰੂ

ਮਨੁੱਖੀ ਕਦਰਾਂ ਦਾ ਰਚਨਾਤਮਕ ਸਫ਼ਰ

*(A Creative Journey of Human Values)*

ਸਾਲ : 22 ਅੰਕ : 4 - 6

ਅਪ੍ਰੈਲ-ਜੂਨ 2023

ਸੰਪਾਦਕ

ਬਲਜੀਤ ਸਿੰਘ ਰੈਨਾ

ਮੋਬਾ : 97976-57211

ਸੰਪਾਦਕ ਮੰਡਲ

ਡਾ. ਮੋਨੋਜੀਤ

ਮੋਬਾ : 94191-39906

ਦੇਵਿੰਦਰ ਸਿੰਘ ਵਿਸ਼ਵਨਾਗਰਿਕ

ਮੋਬਾ : 95966-52796

ਜੰਗ ਐਸ. ਵਰਮਨ

ਮੋਬਾ : 94192-10834

ਸਹਾਇਕ ਸੰਪਾਦਕ

ਡਾ. ਮਮਤਾ

ਮੋਬਾ : 92892-87778

ਡਾ. ਰਾਜਵੀਰ ਸਿੰਘ

ਮੋਬਾ : 84920-05225

ਡਾ. ਗੁਰਪ੍ਰੀਤ ਕੌਰ

ਮੋਬਾ : 99060-03940

ਸਲਾਹਕਾਰ

ਡਾ. ਪ੍ਰੀਤਮ ਸਿੰਘ

ਮੋਬਾ : 88030-83825

ਕਨੇਡਾ ਪ੍ਰਤੀਨਿਧ

ਡਾ. ਅਰਵਿੰਦਰ ਕੌਰ

ਮੋਬਾ : +1 416-450-0554

ਈਮੇਲ : baljeetraina58@gmail.com

ਟਾਈਟਲ ਪੇਂਟਿੰਗ : ਜੰਗ ਐਸ. ਵਰਮਨ

ਮੁੱਲ : ਇਕ ਕਾਪੀ 150 ਰੁਪਏ

ਦੇਸ਼ ਸਲਾਨਾ : 600 ਰੁਪਏ

ਜੀਵਨਸਾਥ : 10,000 ਰੁਪਏ

ਵਿਦੇਸ਼ ਸਲਾਨਾ : 50 ਡਾਲਰ, 25 ਪੌਂਡ

ਸੰਪਾਦਕ ਜਾਂ ਪ੍ਰਕਾਸ਼ਕ ਦਾ ਰਚਨਾਵਾਂ ਵਿੱਚ ਵਿਅਕਤ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਿਸੇ ਵੀ ਤਰ੍ਹਾਂ ਦੇ ਵਾਦ-ਵਿਵਾਦ ਦਾ ਹਲ ਜੰਮੂ ਵਿਖੇ ਹੀ ਹੋਵੇਗਾ।

## ਤਰਤੀਬ

ਸੰਪਾਦਕੀ : ਸੱਭਿਆਚਾਰ ਅਤੇ ਸਿਰਜਣ ਦੇ ਪਿੱੜ ਵਿੱਚ ਆਮ ਆਦਮੀ.../ਜੰਗ ਐਸ. ਵਰਮਨ/2
ਖੋਜ ਪੱਤਰ : ਡਾ. ਵਨੀਤਾ : ਨਾਰੀਵਾਦ ਅਤੇ ਉੱਤਰ ਆਧੁਨਿਕਤਾ ਦੇ ਅੰਗ ਸੰਗ/ਮੰਜੂ ਬਾਲਾ/3
: ਰਾਮ ਸਰੂਪ ਅਣਖੀ ਦੀ ਕਥਾ ਦ੍ਰਿਸ਼ਟੀ/ਡਾ. ਸਰਬਜੀਤ ਕੌਰ/6
: 'ਪਿਆਰਾਂ' ਨਾਟਕ : ਨਾਰੀਵਾਦੀ ਪਰਿਪੇਖ/ਨਸੀਬ ਸਿੰਘ/10
: ਰਾਜਿੰਦਰ ਬਿਸ਼ਰਾ ਦਾ.../ਗੁਰਸੇਵਕ ਸਿੰਘ, ਗਾਈਡ : ਡਾ. ਲਖਵੀਰ ਲੈਜ਼ੀਆ/14
: ਆਜ਼ਾਦੀ ਦਾ ਸੰਘਰਸ਼ ਅਤੇ ਪੰਜਾਬੀ ਲੋਕ-ਕਾਵਿ/ਗੁਰਪ੍ਰੀਤ ਸਿੰਘ/18
: ਆਧੁਨਿਕ ਪੰਜਾਬੀ ਕਵਿਤਾ ਵਿਚ ਪੰਜਾਬ ਅਤੇ.../ਡਾ. ਇਕਬਾਲ ਕੌਰ/20
: ਅਵਤਾਰ ਸਿੰਘ ਪਾਸ਼ ਦੀਆਂ ਕਵਿਤਾਵਾਂ.../ਅਵਤਾਰ ਸਿੰਘ, ਗਾਈਡ : ਡਾ. ਸੋਨਾ/22
: ਅਵਤਾਰ ਸਿੰਘ ਬਿਲਿੰਗ ਦਾ ਪਾਤਰੀ ਵਿਹਾਰ/ਗੁਲਬਹਾਰ ਸਿੰਘ/25
: ਅੰਬਰੀਸ਼ ਦੀ ਕਾਵਿ-ਪੁਸਤਕ 'ਸਦਾ ਇੰਜ ਹੀ' ਵਿਭਿੰਨ ਸਰੋਕਾਰ/ਦਯਾ ਸਿੰਘ/28
: ਭਾਈ ਵੀਰ ਸਿੰਘ ਕਾਵਿ : ਕੌਮੀ-ਜਾਗਰੂਕਤਾ/ਡਾ. ਗੁਰਿੰਦਰ ਸਿੰਘ/32
: ਭਾਈ ਵੀਰ ਸਿੰਘ ਦੀ ਕਵਿਤਾ ਦਾ ਬਿੰਬ ਵਿਧਾਨ/ਡਾ. ਸੁਖਰਾਜ ਸਿੰਘ/35
: ਭਾਈ ਵੀਰ ਸਿੰਘ ਦੁਆਰਾ ਰਚਿਤ ਸਾਹਿਤ ਸਰੋਕਾਰਾਂ ਦੀ.../ਡਾ. ਜਸਪ੍ਰੀਤ ਕੌਰ/39
: ਹਿੰਦੁਸਤਾਨੀ ਸ਼ਾਸਤਰੀ ਸੰਗੀਤ.../ਨਵਪ੍ਰੀਤ ਕੌਰ, ਗਾਈਡ : ਡਾ. ਕੇ.ਐਨ. ਸਰਗਮ/41
: ਗੁਰੂ ਨਾਨਕ ਬਾਣੀ : ਨੈਤਿਕਤਾ ਦਾ ਸੰਕਲਪ/ਚੰਨਪ੍ਰੀਤ ਕੌਰ/45
: ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਮੈਨੂੰ ਜਾਣਨੈ'.../ਡਾ. ਗੁਰਜੀਤ ਕੌਰ/48
: ਪੰਜਾਬਣਾਂ ਦੀ ਜਿੰਦ ਜਾਨ : ਪਟਿਆਲਾ ਸ਼ਾਹੀ ਸਲਵਾਰ/ਗੁਰਪ੍ਰੀਤ ਕੌਰ/50
: ਸਮਾਜ ਭਾਸ਼ਾਈ ਵਖਰੇਵੇਂ : ਰਜਿਸਟਰ ਦੀ ਸੰਕਲਪਨਾ/ਗੁਰਪ੍ਰੀਤ ਕੌਰ ਸੰਧੂ/52
: ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਮਾਨਸ ਤੋਂ ਦੇਵਤੇ.../ਡਾ. ਰਣਜੀਤ ਕੌਰ/55
: ਨਵ-ਪੂੰਜੀਵਾਦੀ ਯੁੱਗ ਦੇ ਤਨਾਓ : ਅਜਮੇਰ ਸਿੱਧੂ ਰਚਿਤ.../ਕੇਵਲ ਰਾਮ/57
: ਕਾਤਲ ਰੁੱਖ : ਅਲੋਚਨਾਤਮਕ ਅਧਿਐਨ/ਡਾ. ਪਰਮਜੀਤ ਕੌਰ/59
: ਪੰਜਾਬੀ ਸਫ਼ਰਨਾਮਾ ਸਾਹਿਤ ਦੀ ਸਿਧਾਂਤਕਾਰੀ/ਡਾ. ਜਸਪ੍ਰੀਤ ਕੌਰ/61
: ਸਵਰਾਜਬੀਰ ਰਚਿਤ ਨਾਟਕਾਂ ਵਿੱਚ ਲੋਕਧਾਰਾਈ ਸਮੱਗਰੀ/ਗੁਰਪ੍ਰੀਤ ਕੌਰ/64
: ਸਵੈਜੀਵਨੀ 'ਨੰਗੀ ਧੁੱਪ' : ਵਾਰਤਕ ਸ਼ੈਲੀ/ਮਨਦੀਪ ਕੌਰ/67
: ਨੈਤਿਕ ਮੁੱਲਾਂ ਦੇ ਵਿਗਠਨ ਦਾ ਬਿਰਤਾਂਤ : ਮਿੱਟੀ ਬੋਲ ਪਈ/ਮਨਪ੍ਰੀਤ ਕੌਰ/70
: ਮੁਗਲ ਬਾਦਸ਼ਾਹਾਂ ਦੇ ਸਿੱਖ ਗੁਰੂ ਸਾਹਿਬਾਨਾਂ ਨਾਲ ਸੰਬੰਧ/ਡਾ. ਜਸਵਿੰਦਰ ਕੌਰ/73
: ਨਾਰੀ ਸਿਰਜਿਤ ਪੰਜਾਬੀ ਗ਼ਜ਼ਲ ਵਿੱਚ ਪੇਸ਼ ਨਾਰੀ ਸੰਵੇਦਨਾ/ਮਨਦੀਪ ਕੌਰ/75
: ਮਰਨ ਰੁੱਤ ਅਤੇ ਤੀਜਾ ਨੇਤਰ : ਸਮਾਜਿਕ ਸੰਦਰਭ/ਨਵਜੋਤ ਸਿੰਘ/77
: ਅਫ਼ਜ਼ਲ ਤੌਸੀਫ਼ ਦੀਆਂ ਕਹਾਣੀਆਂ ਵਿਚ ਪੇਸ਼.../ਬਲਵੀਰ ਕੌਰ ਰੀਹਲ (ਡਾ.)/79
: ਅੰਗਰੇਜੀ ਸਾਮਰਾਜ ਦੀ ਵਿਥਿਆ.../ਬਲਜੀਤ ਕੌਰ, ਗਾਈਡ : ਡਾ. ਰਮਨਦੀਪ/81
: ਦਲਿਤ ਸਵੈਜੀਵਨੀ : ਪਛਾਣ.../ਹਰਪ੍ਰੀਤ ਕੌਰ, ਨਿਗਰਾਨ : ਡਾ. ਰਾਜਿੰਦਰ ਸਿੰਘ/85
: ਮੇਰਾ ਕਸੂਰ ਕੀ ਹੈ : ਇਕ ਵਿਸ਼ਲੇਸ਼ਣ/ਬਲਵਿੰਦਰ ਕੌਰ/87
: ਪਰਵਾਸੀ ਪੰਜਾਬੀ ਚੇਤਨਾ : ਬਦਲਦੇ ਪਰਿਪੇਖ/ਡਾ. ਗੁਰਸ਼ਿੰਦਰ ਕੌਰ/91
: ਇਹਨੂੰ ਹੁਣ ਕੀ ਕਹੀਏ : ਮਾਨਵੀ ਸੰਵੇਦਨਾ/ਪ੍ਰੋ. ਬਲਜਿੰਦਰ ਸਿੰਘ/94
: ਪੰਜਾਬੀ ਖਾਣ-ਪੀਣ : ਬਦਲਦਾ ਮੁਹਾਂਦਰਾ/ਡਾ. ਸੁਖਵਿੰਦਰ ਕੌਰ/97
: ਤਵੀਤ (ਤਾਵੀਜ) ਨਾਲ ਜੁੜੇ ਲੋਕ ਵਿਸ਼ਵਾਸ/ਰਾਜਦੀਪ ਕੌਰ ਜੋਸਨ/99
: ਸੰਸਕ੍ਰਿਤ ਭਾਸ਼ਾ ਵਿਚ ਕਾਰਕ ਦਾ ਸੰਕਲਪ : ਪੂਰਵ.../ਡਾ. ਲਖਵਿੰਦਰ ਸਿੰਘ/102
: ਸੁਰਿੰਦਰ ਨੀਰ ਦੀਆਂ ਕਹਾਣੀਆਂ ਵਿਚ ਨਾਰੀ-ਸੰਵੇਦਨਾ.../ਬਰਨਦੀਪ ਕੌਰ/103
: ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਬਾਣੀ : ਈਕੋਕ੍ਰਿਟੀਸਿਜ਼ਮ/ਸੋਮਾ ਸਿੰਘ/106
: ਤੁਲਨਾਤਮਕ ਸਾਹਿਤ ਅਧਿਐਨ ਵਿਧੀਆਂ ਤੇ ਸਕੂਲ/ਵਰਿੰਦਰਜੀਤ ਕੌਰ/108
: ਵੀਨਾ ਵਰਮਾ ਦੀਆਂ ਕਹਾਣੀਆਂ ਦਾ ਨਾਰੀਵਾਦੀ ਪਰਿਪੇਖ/ਡਾ. ਜਸਕਰਨ ਸਿੰਘ/111
: ਪੰਜਾਬੀ ਬੁਝਾਰਤਾਂ ਦਾ ਪ੍ਰਯੋਜਨ-ਬਾਲ ਦੀ ਦ੍ਰਿਸ਼ਟੀ ਤੋਂ/ਭਗਵਾਨ ਕੌਰ/114
: ਟੂਰਿਜ਼ਮ : ਸਿਧਾਂਤਕ ਪਰਿਪੇਖ/ਡਾ. ਗੁਰਪ੍ਰੀਤ ਸਿੰਘ ਬੁਟੇਰ/117
: ਅਜਮੇਰ ਸਿੰਘ ਔਲਖ ਦੇ ਨਾਟਕ 'ਉਹੀ-ਮੁਹੀ ਦਾ ਕੁਸ ਨੀ ਹੋਂਦਾ'.../ਸੰਦੀਪ ਸਿੰਘ/120

(ਬਾਕੀ ਪੰਨਾ 9 ਤੇ)

ਛਾਪਕ, ਪ੍ਰਕਾਸ਼ਕ ਅਤੇ ਮਾਲਕ ਗੁਰਮੁਖ ਸਿੰਘ ਨੇ ਕਲਾਸਿਕ ਪ੍ਰਿੰਟਰਜ਼, ਬੜੀ ਬ੍ਰਾਹਮਣਾ ਤੋਂ ਛਪਵਾ ਕੇ 'ਦਫ਼ਤਰ ਆਬਰੂ' ਮਕਾਨ ਨੰਬਰ-5, ਕੁੰਜਵਾਨੀ, ਸ਼ਹੀਦ ਫਿਲਿੰਗ ਸਟੇਸ਼ਨ ਦੇ ਪਿਛੇ, ਜੰਮੂ 180010 ਤੋਂ ਪ੍ਰਕਾਸ਼ਿਤ ਕੀਤਾ। ਸੰਪਾਦਕ: ਬਲਜੀਤ ਸਿੰਘ ਰੈਨਾ

**Printer, Publisher, and Owner Gurmukh Singh Printed it at M/S Classic Printers, Bari Brahmana and Published at Aabru office, H.No. 5, Kunjwani, Behind Shaheed Filling Station Jammu-180010. Editor, Baljeet Singh Raina**

ਘਰ ਦੀ ਜਾਇਦਾਦ ਦੀਆਂ ਧੱਜੀਆਂ ਉਡਾਉਂਦੀ ਹੈ ਉਥੇ ਘਰ ਦਾ ਚਿਰਾਗ ਵੀ ਸਦਾ ਲਈ ਬੁਝਾ ਦਿੰਦੀ ਹੈ। ਅਜਿਹੇ ਪਰਿਵਾਰ ਦਾ ਸਮਾਜ ਅੰਦਰ ਮਾਨ ਸਤਿਕਾਰ ਨਹੀਂ ਰਹਿੰਦਾ।

"ਕਦੋਂ ਫਿਰਨਗੇ ਦਿਨ" ਕਹਾਣੀ ਜਾਤ ਪਾਤ ਦਾ ਭੇਦਭਾਵ ਅਤੇ ਨਿਮਨ ਵਰਗ ਦੀ ਆਰਥਿਕ ਮੰਦੀ ਤੇ ਉਸਰੀ ਕਹਾਣੀ ਕਈ ਸਾਮਾਜਿਕ ਬੁਰਾਈਆਂ ਨੂੰ ਉਘਾੜਦੀ ਹੈ। ਜਿਮੀਂਦਾਰ ਅਤੇ ਕਿਰਤੀ ਵਰਗ ਦੇ ਆਪਸੀ ਵਕਫੇ ਨੂੰ ਕਈਆਂ ਪੱਖਾਂ ਤੋਂ ਚਿਤਰਿਆ ਗਿਆ ਹੈ। ਜਿਵੇਂ ਗਿਆਨੀ ਜੀ ਦਾ ਦੁੱਧ ਚਿੱਟੇ ਕਪੜੇ, ਚਮਿਆਰ ਦੇ ਘਰ ਨਾ ਬੈਠਣਾ ਤੇ ਚਾ ਨਾ ਪੀਣਾ। ਚਮਿਆਰ ਦੇ ਘਰ ਚਾ ਬਨਾਉਣ ਲਈ ਦੁੱਧ ਨਾ ਹੋਣਾ, ਨਿੱਕੀ ਜਿਹੀ ਦਰਵਾਜੜੀ, ਚਮੜੇ ਦੀ ਬਦਬੂ ਆਉਣਾ ਆਦਿ ਫਰਕ ਭੇਦਭਾਵ ਦਾ ਪ੍ਰਗਟਾਵਾ ਕਰਦੇ ਹਨ। ਸਾਡੇ ਮੁਲਕ ਵਿੱਚ ਕੁਰੱਪਸ਼ਨ ਦਾ ਬੋਲਬਾਲਾ ਹੈ ਦਾ ਥੀਮਿਕ ਨੁਕਤਾ ਪੇਸ਼ ਹੋਇਆ ਹੈ। ਕਥਾਕਾਰ ਇਸ ਕਹਾਣੀ ਜਰੀਏ ਇਹ ਦੱਸਣਾ ਚਾਹੁੰਦਾ ਹੈ ਕਿ ਮੁਲਕ ਆਜਾਦ ਹੋਏ ਨੂੰ 75 ਸਾਲ ਹੋ ਗਏ ਹਨ। ਸਰਕਾਰਾਂ ਨੇ ਗੁਰਬਤ ਦੀ ਜ਼ਿੰਦਗੀ ਜੀ ਰਹੇ ਲੋਕਾਂ ਲਈ ਕੋਈ ਠੋਸ ਕਦਮ ਨਹੀਂ ਚੁੱਕੇ। ਜੋ ਸਕੀਮਾਂ ਵਿਸ਼ੇਸ਼ ਤੌਰ ਤੇ ਪੱਛੜੇ ਵਰਗ ਲਈ ਉਲੀਕੀਆਂ ਗਈਆਂ ਉਹਨਾਂ ਦੀ ਉਥੋਂ ਤੱਕ ਪਹੁੰਚ ਲਈ ਵਿਉਂਤਬੰਦੀ ਨਹੀਂ ਕੀਤੀ ਗਈ। ਸਾਡਾ ਮੁਲਕ ਉਨ੍ਹਾਂ ਚਿਰ ਤਰੱਕੀ ਨਹੀਂ ਕਰ ਸਕਦਾ ਜਦੋਂ ਤੱਕ ਪ੍ਰਸ਼ਾਸਕ ਨੇਕ-ਨੀਤੀ ਨਾਲ ਕੰਮ ਨਾ ਕਰਨਗੇ।

"ਅੜਬ ਆਦਮੀ" ਕਹਾਣੀ ਵਿੱਚ ਇਕ ਸਾਊ ਤੇ ਇਕ ਰੋਹਬਦਾਰ ਵਿਅਕਤੀ ਦੇ ਵਿਹਾਰ ਦਾ ਪ੍ਰਗਟਾ ਹੋਇਆ ਹੈ। ਇਕ ਸਹਿਨਸ਼ੀਲ ਹੈ। ਦੂਜਾ ਰਿਐਕਟ ਕਰਨ ਵਾਲਾ ਹੈ। ਕਥਾਕਾਰ ਨੇ ਇਸ ਵਿੱਚ ਵਿਅਕਤੀ ਦੇ ਵੱਖ ਵੱਖ ਸੁਭਾਵਾਂ ਨੂੰ ਪੇਸ਼ ਕੀਤਾ ਹੈ। ਇੱਕ ਵਿਅੰਗਬਾਜ, ਸਾਊ ਮਨੁੱਖ ਦੀ ਤੌਹੀਨ ਕਰ ਰਿਹਾ। ਸਹਿਣਸ਼ੀਲਤਾ ਦੀ ਇੰਤਹਾ ਹੋ ਜਾਣ ਤੇ ਉਹ ਆਪਣੇ ਦੋਸਤ ਬਲਕਰਨ ਵਾਲਾ ਪੈਂਤੜਾ ਅਪਨਾਉਂਦਾ ਹੈ। ਚਾਂਦੀ ਰਾਮ ਨੂੰ ਜੁੱਤੀ ਵਿਖਾ ਕੇ ਜਿੱਤ ਹਾਸਿਲ ਕਰਦਾ ਹੈ। ਸਮਾਜ ਵਿੱਚ ਭਲੇਮਾਣਸ ਦੀ ਕੋਈ ਵੱਟਤ ਨਹੀਂ ਦਾ ਥੀਮਿਕ ਨੁਕਤਾ ਪੇਸ਼ ਹੋਇਆ ਹੈ। ਦ੍ਰਿਸ਼ਟੀ ਤੇ ਪੱਖ ਤੋਂ ਇਹ ਵਿਚਾਰ ਬਣਦਾ ਹੈ ਕਿ ਜ਼ਿੰਦਗੀ ਚ ਵੱਜਕਾ ਤੇ ਜੁਰਤ ਹੋਣੀ ਜਰੂਰੀ ਹੈ। ਸਿਰ ਕੱਢ ਕੇ ਜੀਉਣ ਲਈ ਹਿੰਮਤ ਪੈਦਾ ਕਰਨ ਦੀ ਲੋੜ ਹੈ।

"ਮਨੁੱਖ ਦੀ ਮੌਤ" ਕਹਾਣੀ ਕਮਜੋਰ ਪ੍ਰਾਸ਼ਸਨ ਅਤੇ ਬੇਦਰਦੀ ਮਨੁੱਖ ਦੇ ਸੁਭਾ ਦਾ ਭੇਦ ਖੋਲਦੀ ਹੈ। ਭਾਰਤੀ ਸਿਸਟਮ ਦੀ ਬਣਤਰ ਹੀ ਕੁਝ ਅਜਿਹੀ ਹੈ ਕਿ ਸਾਧਾਰਨ ਮਨੁੱਖ ਭੰਗ ਦੇ ਭਾਣੇ ਮਰ ਰਿਹਾ। ਕਾਨੂੰਨੀ ਕਾਰਵਾਈਆਂ ਕਮਜੋਰ ਹਨ। ਸਹੂਲਤਾਂ ਦਫਤਰੀ ਰਜਿਸਟਰਾਂ ਵਿੱਚ ਬੰਦ ਹਨ। ਨਾ ਹੀ ਮਨੁਖੀ ਸੋਚ ਇੰਨੀ ਵਿਕਸਿਤ ਕੀਤੀ ਗਈ ਹੈ ਕਿ ਉਹ ਆਪਣੇ ਆਪ ਨੂੰ ਜੋਖਿਮ ਚ ਪਾ ਕੇ ਕਿਸੇ ਦੀ ਜ਼ਿੰਦਗੀ ਬਚਾ ਸੱਕੇ। ਮਨੁੱਖ ਚੋਂ ਮਾਨਵਤਾ ਦਾ ਗੁਣ ਖ਼ਾਰਿਜ ਹੋ ਚੁਕਾ ਹੈ ਦਾ ਥੀਮਿਕ ਨੁਕਤਾ ਪੇਸ਼ ਹੋਇਆ ਹੈ। ਦ੍ਰਿਸ਼ਟੀ ਦੇ ਪੱਖ ਤੋਂ ਇਹ ਵਿਚਾਰ ਬਣਦਾ ਹੈ ਕਿ ਜੇਕਰ ਭਾਰਤ ਦਾ ਹਰ ਵਿਅਕਤੀ ਪੜਿਆ ਲਿਖਿਆ ਹੋਵੇ ਤਾਂ ਉਸਨੂੰ ਟਰੈਫਿਕ ਨਿਯਮਾਂ ਦੀ ਜਾਣਕਾਰੀ ਹੋਵੇ। ਕਾਨੂੰਨੀ ਸਹਾਇਤਾ ਪ੍ਰਾਪਤ ਕਰਨ ਦੇ ਯੋਗ ਹੋ ਸੱਕੇ। ਦੂਜਾ ਪੱਖ, ਪੈਸੇ ਦੇ ਆਧਾਰ ਤੇ ਦਬਾਏ ਜਾਂਦੇ ਗੁਨਾਹ। ਜਦੋਂ ਤੱਕ ਪ੍ਰਸ਼ਾਸਨ ਦੀ ਤੰਦ ਤਾਣੀ ਨਹੀਂ ਸੁਲਝਦੀ ਉਦੋਂ ਤੱਕ ਭਾਰਤ ਦੀ ਮਜਬੂਤੀ ਨਹੀਂ ਬਣ ਸਕਦੀ।

"ਨ੍ਹਾਤਾ ਘੋੜਾ" ਕਹਾਣੀ ਬੇਜੋੜ ਵਿਆਹ ਤੋਂ ਪੈਦਾ ਹੋਏ ਅਨੈਤਿਕ ਸੰਬੰਧਾਂ ਦਾ ਪਰਦਾਫਾਸ਼ ਕਰਦੀ ਹੈ। ਔਰਤ ਦਾ ਪਰਾਏ ਮਰਦ ਚ ਰੁਚੀ ਰੱਖਣਾ ਘਰ ਦੀ ਇੱਜਤ ਨੀਲਾਮ ਕਰਨਾ ਹੈ। ਚੰਦ ਤੇ ਠਾਣੇਦਾਰ ਦੀ ਪਤਨੀ ਦੇ ਸੰਬੰਧਾਂ ਬਾਰੇ ਹੁੰਦੀ ਗੁਫ਼ਤਗੂ ਤੋਂ ਸਪੱਸ਼ਟ ਹੁੰਦਾ ਹੈ ਕਿ ਸਮਾਜ ਅਜਿਹੇ ਮੌਕੇ ਦੋਸ਼ ਕੇਵਲ ਔਰਤ ਸਿਰ ਮੜਦਾ ਹੈ। ਮਰਦ ਪ੍ਰਤੀ ਉਹਨਾ ਦਾ ਨਜ਼ਰੀਆ ਨ੍ਹਾਤੇ ਧੋਤੇ ਘੋੜੇ ਵਾਲਾ ਹੈ। ਭਾਵ ਬਾਹਰ ਉਹ ਜੋ ਮਰਜ਼ੀ ਕਰੇ, ਘਰ ਆ ਕੇ ਉਹ ਨਿਹਕਲੰਕ ਹੈ। ਕਥਾਕਾਰ ਨੇ ਇਸ ਕਹਾਣੀ ਵਿੱਚ ਵਿਆਹ ਬਾਹਰੇ ਸੰਬੰਧ ਭਾਰਤੀ ਜੀਵਨ ਚ ਦੁਖਾਂਤ ਦਾ ਕਾਰਨ ਬਣਦੇ ਹਨ। ਭਾਰਤੀ ਸਮਾਜ ਸੰਸਕ੍ਰਿਤਕ ਕਦਰਾਂ ਸਕੀਮਤਾਂ'ਚ ਬੱਝਾ ਹੈ। ਦ੍ਰਿਸ਼ਟੀ ਦੇ ਪੱਖ ਤੋਂ ਇਹ ਵਿਚਾਰ ਬਣਦਾ ਹੈ ਕਿ ਵਿਆਹ ਬਾਹਰੇ ਸੰਬੰਧ ਨਹੀਂ ਬਨਾਉਣੇ ਚਾਹੀਦੇ। ਭਾਰਤੀ ਸਮਾਜ ਵਿੱਚ ਬਾਹਰੀ ਔਰਤ ਨਾਲ ਸੰਬੰਧ ਰੱਖਣਾ ਵਰਜਿਤ ਹੈ।

**ਮੋਬਾ. 9478573020**

*(ਪੰਨਾ 1 ਦਾ ਬਾਕੀ)*


: ਸਭਿਆਚਾਰ : ਪਰਿਭਾਸ਼ਾ ਅਤੇ ਤਣਾਓ ਦੇ ਕਾਰਨ/ਗੁਰਵਿੰਦਰ ਸਿੰਘ/123
: ਸਰੂਪ ਸਿਆਲਵੀ ਦੀਆਂ.../ਗੁਰਦਰਸ਼ਨ ਸਿੰਘ, ਡਾ. ਕਿਰਨਦੀਪ ਸਿੰਘ/128
: ਕੁਝ ਸ਼ੀਸ਼ੇ ਝੂਠ ਬੋਲਦੇ ਨੇ : ਪਾਠਗਤ ਅਧਿਐਨ/ਡਾ. ਗੁਰਦੀਪ ਕੌਰ ਸੂਰਾ/131
: ਚਿਹਨ ਵਿਗਿਆਨ ਅਤੇ ਰੂਸੀ ਪਰੰਪਰਾ/ਡਾ. ਮਨਜੀਤ ਸਿੰਘ/134
: ਪੰਜਾਬ ਦਾ ਜਲ-ਸੰਕਟ ਅਤੇ ਚੇਟਵੀ.../ਗੁਰਪ੍ਰੀਤ ਸਿੰਘ, ਡਾ. ਅਮਨਦੀਪ ਸਿੰਘ/137
: ਪੰਜਾਬ ਵਿਚ ਸ਼ਨਾਖ਼ਤ ਦੇ ਹਾਸ਼ੀਏ 'ਤੇ ਬਾਉਰੀ ਉਰਫ਼.../ਜਗਜੀਤ ਸਿੰਘ/141
: ਪਰਵਾਸੀ ਪੰਜਾਬੀ ਕਹਾਣੀ ਵਿੱਚ.../ਜਸਵੀਰ ਸਿੰਘ, ਗਾਈਡ : ਡਾ. ਸੋਨਾ/144
: ਨਾਰੀ ਸੁੰਦਰਤਾ ਵਿਚ ਸੋਲ੍ਹਾਂ ਸ਼ਿੰਗਾਰ ਦੀ ਪਰੰਪਰਾ ਦਾ ਅਧਿਐਨ/ਮਨਦੀਪ ਕੌਰ/147
: ਅਜ਼ਾਦੀ ਦੀ ਚਾਹਵਾਨ ਲੋਕ ਨਾਇਕਾ ਰਾਣੀ ਕੰਵਿਲਾ.../ਸੁਰਜੀਤ ਕੌਰ/152
: ਗੁਲਸ਼ਨ ਦਿਆਲ ਰਚਿਤ 'ਵਿਸ਼ਵ.../ਗੁਰਵਿੰਦਰ ਸਿੰਘ, ਕਰਨਦੀਪ ਕੌਰ/155
: ਪੰਜਾਬੀ ਨਾਵਲ : ਸਮਾਜ ਸਭਿਆਚਾਰਕ ਸੰਦਰਭ/ਡਾ. ਜਸਪਾਲ ਸਿੰਘ/157
: ਅਜਮੇਰ ਸਿੰਘ ਔਲਖ ਦੇ.../ਪ੍ਰੋ. ਵੀਰਪਾਲ ਕੌਰ, ਗਾਈਡ : ਡਾ. ਗੁਰਪ੍ਰੀਤ ਕੌਰ/161
: ਇਤਿਹਾਸਕ ਪੱਖ ਗੁਰੂ ਅਰਜਨ ਜੀ ਦੀ ਜੀਵਨ ਸ਼ੈਲੀ.../ਜਸਵਿੰਦਰ ਸਿੰਘ/163
: ਗੁਰੂ ਨਾਨਕ ਦੇਵ ਰਚਿਤ ਬਾਰਾਮਾਹ ਤੁਖਾਰੀ ਦੀ.../ਪ੍ਰਭਜੋਤ ਕੌਰ/167
: ਭਗਤ ਤ੍ਰਿਲੋਚਨ ਜੀ ਜੀਵਨ ਅਤੇ ਵਿਚਾਰਧਾਰਾ/ਦੀਦਾਰ ਸਿੰਘ/170
: ਇਕੀਵੀਂ ਸਦੀ ਦੇ ਨਾਵਲ ਦੀ ਸੰਚਾਰ ਯੋਗਤਾ (ਇਥੇ ਰੇਗਿਸਤਾਨ.../ਵੀਰ ਕੌਰ/173
: ਕਾਵਿ ਅਤੇ ਦਰਸ਼ਨ : ਅੰਤਰ-ਸੰਬੰਧ/ਰੇਸ਼ਮ ਸਿੰਘ ਜੋਸ਼/176
: ਭੁਪਿੰਦਰ ਸਿੰਘ ਮਾਨ ਦੀ.../ਗੁਰਪ੍ਰੀਤ ਕੌਰ, ਗਾਈਡ : ਡਾ. ਯਾਦਵਿੰਦਰ ਕੌਰ/178
: ਗੁਰੂ ਨਾਨਕ ਬਾਣੀ ਦੀ ਸਮਕਾਲੀਨ ਸਾਰਥਕਤਾ/ਅਮਨਪ੍ਰੀਤ ਕੌਰ/181
: ਹਰਿਭਜਨ ਸਿੰਘ ਕਾਵਿ ਦਾ ਰਾਜਸੀ ਚੇਤਨ-ਅਵਚੇਤਨ/ਗੁਰਜੋਤ ਕੌਰ/183
: ਗੁਰਦਾਸ ਆਲਮ ਦੀ ਕਵਿਤਾ ਵਿੱਚ ਦਲਿਤ ਚੇਤਨਾ/ਸੁਖਵਿੰਦਰ ਸਿੰਘ/186
: 21ਵੀਂ ਸਦੀ ਦਾ ਪੰਜਾਬੀ ਸਿਨੇਮਾ : ਸਮੀਖਿਆਤਮਕ.../ਅਮਨਦੀਪ ਕੌਰ/188
: ਹਰੇ ਇਨਕਲਾਬ ਦੀ ਖੁਸ਼ਹਾਲੀ ਤੋਂ.../ਪਰਵਿੰਦਰ ਸਿੰਘ, ਡਾ. ਹਰਪ੍ਰੀਤ ਸਿੰਘ/192
: ਬਲਜਿੰਦਰ ਅੱਛਣਪੁਰੀਆ ਦਾ ਕਹਾਣੀ ਸੰਗ੍ਰਹਿ.../ਡਾ. ਸੁਖਜੀਤ ਕੌਰ/195
: ਅਰਧ-ਭਾਵੀ ਜੀਵਨ ਸਾਂਝਾਂ ਤੇ ਆਧਾਰਤ ਪੁਨਰ.../ਡਾ. ਸੁਖਵਿੰਦਰ ਕੌਰ/199
: ਸੰਚਾਰ ਅਤੇ ਬਿਰਤਾਂਤ/ਡਾ. ਰਮਨਪ੍ਰੀਤ ਕੌਰ/201
: ਬਲਵੰਤ ਗਾਰਗੀ ਦੇ ਨਾਟਕਾਂ ਦੀਆਂ ਭਾਸ਼ਾਈ-ਜੁਗਤਾਂ/ਹਰਭਗਵਾਨ ਸਿੰਘ/204
: ਨਕਸ਼ਦੀਪ ਪੰਜਕੋਹਾ ਦੇ ਨਾਵਲ "ਗਿਰਵੀ ਹੋਏ ਮਨ" ਦਾ.../ਰੁਪਿੰਦਰ ਕੌਰ/206
: ਨਿੰਮ ਬੰਨਣ ਦੀ ਰਸਮ : ਸਰੂਪ ਅਤੇ ਕਾਰਜਵਿਧੀ/ਸੁਖਜਿੰਦਰ ਸਿੰਘ/208
: ਪੰਜਾਬੀ ਨਾਟਕ ਵਿੱਚ ਸੁਰਜੀਤ ਕਲਸੀ ਦਾ ਪ੍ਰਵੇਸ਼.../ਡਾ. ਨਵਦੀਪ ਕੌਰ/210
: ਸਥਾਨਕਤਾ ਦੀ ਸਰਵਵਿਆਪਕਤਾ-ਲੋਕਧਾਰਾ/ਤੇਜਿੰਦਰ ਸਿੰਘ/214
: ਭਾਰਤੀ ਪਰੰਪਰਾਗਤ ਟੈਕਸਟਾਈਲ ਕਰਾਫਟ.../ਡਾ. ਵੀਨੂ ਜੈਨ, ਸ਼ਬਾਨਾ ਸ਼ਰੀਫ/216
: ਮਲਵਈ ਸਭਿਆਚਾਰ 'ਚ.../ਸਾਧੂ ਸਿੰਘ, ਗਾਈਡ : ਡਾ. ਕਿਰਨਦੀਪ ਸਿੰਘ/220
: ਗੁਰੂ ਤੇਗ ਬਹਾਦਰ ਜੀ ਦੀ ਬਾਣੀ.../ਡਾ. ਹਰਜਿੰਦਰ ਸਿੰਘ/223
: ਪੰਜਾਬੀ ਗੀਤ ਵਿਸ਼ਲੇਸ਼ਣ : ਬਦਲਦੇ ਪਰਿਪੇਖ/ਜਗਦੀਪ ਸਿੰਘ ਭੁੱਲਰ/226
: ਗੁਰੂ ਨਾਨਕ ਬਾਣੀ ਵਿਚ.../ਸਤਵਿੰਦਰ ਕੌਰ, ਗਾਈਡ : ਡਾ. ਹਰਪ੍ਰੀਤ ਸਿੰਘ/228
: ਰਮੇਸ਼ ਕੁਮਾਰ ਦਾ ਕਾਵਿ ਸੰਗ੍ਰਹਿ ਅਸਹਿਮਤ.../ਗੁਰਪ੍ਰੀਤ ਸਿੰਘ ਸਾਹੂਵਾਲਾ (ਡਾ.)/230
: ਬਲਬੀਰ ਸਿੰਘ ਕੰਵਲ ਦੁਆਰਾ ਰਚਿਤ ਜੀਵਨੀ.../ਗੁਰਮੀਤ ਕੌਰ/234
: ਹਰਜੀਤ ਸਿੰਘ ਉੱਪਲ ਦੀ ਬਿੰਬ-ਸਿਰਜਣਾ.../ਡਾ. ਗੁਰਪ੍ਰੀਤ ਕੌਰ/236
: ਰਬਾਬ : ਇਤਿਹਾਸ ਅਤੇ ਮਹੱਤਵ/ਡਾ. ਪੂਨਮ ਸ਼ਰਮਾ/240
: ਕਿਆਮਤ : ਅੱਤਵਾਦ ਹੱਥੋਂ ਸਤਾਏ ਲੋਕਾਂ ਦੀ.../ਡਾ. ਪਰਮਜੀਤ ਕੌਰ/243

ਖੋਜ ਪੱਤਰ



# ਗੁਰੂ ਤੇਗ ਬਹਾਦਰ ਜੀ ਦੀ ਬਾਣੀ : ਸਭਿਆਚਾਰਕ ਪਾਸਾਰ

— ਡਾ. ਹਰਜਿੰਦਰ ਸਿੰਘ —

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਗੁਰਮਤਿ ਕਾਵਿ-ਪਰੰਪਰਾ ਦਾ ਅਹਿਮ ਅੰਗ ਹੈ। ਗੁਰਮਤਿ ਕਾਵਿ-ਪਰੰਪਰਾ ਮਧਕਾਲੀ ਪੰਜਾਬੀ ਸਾਹਿਤ ਦੀ ਉੱਤਮ ਤੇ ਵਿਲੱਖਣ ਕਾਵਿ-ਪਰੰਪਰਾ ਵਜੋਂ ਆਪਣੀ ਪਛਾਣ ਸਥਾਪਤ ਕਰਦੀ ਹੈ। ਗੁਰਮਤਿ ਕਾਵਿ-ਪਰੰਪਰਾ ਦੇ ਸਿਧਾਂਤਕ ਅਤੇ ਵਿਵਹਾਰਕ ਅਕੀਦਿਆਂ 'ਤੇ ਪੂਰੇ ਉਤਰਦੇ ਸਾਹਿਤ ਨੂੰ ਪਾਵਨ 'ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਸੰਕਲਿਤ ਕਰਕੇ ਪਵਿੱਤਰ ਗੁਰਬਾਣੀ ਦਾ ਦਰਜਾ ਦਿੱਤਾ ਗਿਆ ਹੈ। ਡਾ. ਜਗਬੀਰ ਸਿੰਘ ਦੀ ਧਾਰਣਾ ਹੈ ਕਿ ਗੁਰਬਾਣੀ ਸਾਡੇ ਵਿਰਸੇ ਦਾ ਮਹੱਤਵਪੂਰਨ ਗਿਆਨ-ਪਾਠ ਹੈ। ਇਸ ਦਾ ਪ੍ਰਮਾਣਿਕ ਸੰਕਲਨ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਹੈ। ਇਸ ਮਹਾਂ-ਗ੍ਰੰਥ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਸਿੱਖ ਧਰਮ ਦਾ ਪਾਵਨ ਗ੍ਰੰਥ ਹੋਣ ਦੇ ਨਾਲ-ਨਾਲ, ਮਧਕਾਲੀਨ ਭਾਰਤ ਦੀ ਮਹੱਤਵਯੋਗ ਸਾਹਿਤਕ ਅਤੇ ਸਭਿਆਚਾਰਕ ਟੈਕਸਟ ਵੀ ਹੈ।[1] ਜ਼ਾਹਿਰ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਗੁਰਬਾਣੀ ਮਧਕਾਲੀਨ ਭਾਰਤੀ ਸਮਾਜ ਦਾ ਸਾਹਿਤਕ ਤੇ ਇਤਿਹਾਸਕ ਦਸਤਾਵੇਜ਼ ਹੋਣ ਦੇ ਨਾਲ-ਨਾਲ ਭਾਰਤੀ ਸਭਿਆਚਾਰ ਦੇ ਇਤਿਹਾਸਕ ਯਥਾਰਥ ਨਾਲ ਸੰਵਾਦ ਰਚਾਉਂਦੀ ਹੋਈ ਨਾ-ਕੇਵਲ ਮੂਲ-ਮਾਨਵੀ ਸਰੋਕਾਰਾਂ ਨੂੰ ਪੁਨਰ-ਪਰਿਭਾਸ਼ਤ ਕਰਦੀ ਹੈ ਸਗੋਂ ਸਭਿਆਚਾਰਕ ਨਵਜਾਗ੍ਰਿਤੀ ਦੀ ਲਹਿਰ ਨੂੰ ਵੀ ਉਤਪਨ ਕਰਦੀ ਹੈ। ਇਸ ਲਹਿਰ ਦੇ ਅੰਤਰਗਤ ਪੈਦਾ ਹੁੰਦੀ ਇਤਿਹਾਸਕ ਚੇਤਨਾ ਦੀ ਦ੍ਰਿਸ਼ਟੀ ਤੋਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਸਭਿਆਚਾਰਕ-ਪਾਠ (Culrural Text) ਵਜੋਂ ਅਧਿਐਨ ਪ੍ਰਕਿਰਿਆ ਵਿਚ ਪਾ ਕੇ ਇਸ ਦੇ ਵਿਭਿੰਨ ਪਾਸਾਰਾਂ ਨੂੰ ਸਮਝਿਆ ਜਾ ਸਕਦਾ ਹੈ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ ਸਭਿਆਚਾਰਕ-ਪਾਸਾਰਾਂ ਤੱਕ ਰਸਾਈ ਕਰਨ ਲਈ ਇਸ ਨੂੰ ਗੁਰਬਾਣੀ ਪਰੰਪਰਾ ਦੀ ਲਗਾਤਾਰਤਾ ਦੇ ਸੰਦਰਭ ਵਿਚ ਵਿਚਾਰਿਆ ਜਾਣਾ ਵਾਜਬ ਜਾਪਦਾ ਹੈ। ਹਰ ਸਾਹਿਤ ਰਚਨਾ ਜਾਂ ਸੰਰਚਨਾ ਆਪਣੀ ਪਰੰਪਰਾ ਦਾ ਹੀ ਅਗਲਾ ਵਿਸਥਾਰ ਹੁੰਦੀ ਹੈ। ਇਸ ਲਈ ਕਿਸੇ ਸਾਹਿਤ ਰਚਨਾ ਜਾਂ ਸੰਰਚਨਾ ਨੂੰ ਉਸ ਦੀ ਪਰੰਪਰਾ ਦੇ ਸੰਦਰਭ ਵਿਚ ਹੀ ਵਧੇਰੇ ਪੁਖ਼ਤਗੀ ਨਾਲ ਸਮਝਿਆ ਜਾ ਸਕਦਾ ਹੈ। ਡਾ. ਹਰਿਭਜਨ ਸਿੰਘ ਲਿਖਦੇ ਹਨ ਕਿ ਹਰ ਸੰਰਚਨਾ ਇਕ ਪ੍ਰਯੋਗ ਹੈ ਜਿਸ ਦੀ ਉਤਪਤੀ ਕਿਸੇ ਪਰੰਪਰਾ ਵਿਚੋਂ ਹੁੰਦੀ ਹੈ। ਗੁਰੂ ਤੇਗ ਬਹਾਦਰ ਦੀ ਬਾਣੀ, ਗੁਰਬਾਣੀ ਜਾਂ ਨਾਨਕ ਛਾਪ ਹੇਠ ਲਿਖੀ ਬਾਣੀ ਦਾ ਹੀ ਇਕ ਅੰਗ ਹੈ। 2 ਇਸ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਸਮੁੱਚੀ ਗੁਰਬਾਣੀ ਜਾਂ ਗੁਰਮਤਿ ਕਾਵਿ ਪਰੰਪਰਾ ਦੇ ਸਿਧਾਂਤਕ ਤੇ ਵਿਵਹਾਰਕ ਪੈਟਰਨਾਂ ਤੋਂ ਨਿਖੇੜ ਕੇ ਨਾ ਵਿਚਾਰਿਆ ਜਾ ਸਕਦਾ ਹੈ ਅਤੇ ਨਾ ਹੀ ਸਮਝਿਆ ਜਾ ਸਕਦਾ ਹੈ। ਗੁਰਮਤਿ ਕਾਵਿ-ਪਰੰਪਰਾ ਦੀ ਇਹ ਵਿਲੱਖਣਤਾ ਹੈ ਕਿ ਇਹ ਜਿਥੇ ਆਪਣੇ ਸਿਧਾਂਤਕ ਆਧਾਰਾਂ ਸਦਕਾ ਮਹਾਨ ਬਣਦੀ ਹੈ ਉਥੇ ਆਪਣੇ ਵਿਵਹਾਰਕ ਅਕੀਦਿਆਂ ਸਦਕਾ ਪ੍ਰਮਾਣਿਕ ਅਤੇ ਪ੍ਰਵਾਨਿਤ ਵੀ ਹੁੰਦੀ ਹੈ। ਇਸ ਪ੍ਰਸੰਗ ਵਿਚ ਡਾ. ਸਰਬਜੀਤ ਸਿੰਘ ਦੇ ਇਹ ਵਿਚਾਰ ਧਿਆਨ ਦੀ ਮੰਗ ਕਰਦੇ ਹਨ ਕਿ ਕੋਈ ਪਰੰਪਰਾ ਸਿਰਫ਼ ਸਿਧਾਂਤ (Theory) ਦੀ ਪੱਧਰ ਉਪਰ ਹੀ ਮਹਾਨ ਨਹੀਂ ਹੁੰਦੀ ਸਗੋਂ ਉਸ ਪਰੰਪਰਾ ਦੀਆਂ ਸਿਰਜੀਆਂ ਰਵਾਇਤਾਂ ਅਤੇ ਅਮਲ (Practice) ਹੀ ਉਸ ਪਰੰਪਰਾ ਨੂੰ ਪ੍ਰਮਾਣਿਕ ਅਤੇ ਪ੍ਰਵਾਨਿਤ ਬਣਾਉਂਦੇ ਹਨ।[3] ਸਪੱਸ਼ਟ ਹੈ, ਗੁਰਮਤਿ ਕਾਵਿ-ਪਰੰਪਰਾ ਆਪਣੇ ਸਿਧਾਂਤਕ ਪੈਟਰਨਾਂ ਅਤੇ ਸਿਰਜਿਆਂ ਰਵਾਇਤਾਂ ਦੇ ਆਧਾਰ 'ਤੇ ਨਾ-ਕੇਵਲ ਤਤਕਾਲੀਨ ਸੱਤਾ ਵੱਲੋਂ ਸਿਰਜੇ ਮਾਇਆਵਾਦੀ ਸਭਿਆਚਾਰਕ ਵਰਤਾਰਿਆਂ ਨਾਲ ਸੰਵਾਦ ਰਚਾਉਂਦੀ ਹੋਈ ਪ੍ਰਵਾਨ ਚੜ੍ਹਦੀ ਹੈ ਸਗੋਂ ਅਜਿਹੀਆਂ ਮਾਨਵੀ ਕਦਰਾਂ ਕੀਮਤਾਂ ਨਾਲ ਵਰੋਸਾਏ ਸਭਿਆਚਾਰਕ ਵਰਤਾਰਿਆਂ ਦੀ ਸਿਰਜਣਾ ਦਾ ਅਮਲ ਸ਼ੁਰੂ ਕਰਦੀ ਹੈ ਜਿਨ੍ਹਾਂ ਦੇ ਕੇਂਦਰ ਵਿਚ 'ਮਾਇਆ' ਦੀ ਥਾਂ 'ਨਾਮ' ਹੈ।

ਗੁਰਮਤਿ ਕਾਵਿ-ਪਰੰਪਰਾ ਦੇ ਸਮੁੱਚੇ ਬਾਣੀਕਾਰਾਂ ਨੇ ਮਾਇਆਵੀ ਸਭਿਅਚਾਰ ਦੇ ਸਮਾਂਨਾਤਰ ਨਾਮ ਦੇ ਸਭਿਆਚਾਰ ਦੀ ਸਿਰਜਣਾ ਲਈ ਨਾ-ਕੇਵਲ ਸਿਧਾਂਤਕ ਅਗਵਾਈ ਕੀਤੀ ਸਗੋਂ ਆਪਣੇ ਵਿਵਹਾਰਕ ਜੀਵਨ ਵਿਚ ਉਨ੍ਹਾਂ ਸਿਧਾਤਾਂ ਨੂੰ ਢਾਲ ਕੇ ਸਭਿਅਚਾਰਕ ਇਨਕਲਾਬ ਦਾ ਰਾਹ ਵੀ ਪੱਧਰਾ ਕੀਤਾ। ਇਸ ਲਈ ਗੁਰਬਾਣੀ ਨੂੰ ਸਭਿਆਚਾਰਕ-ਪਾਠ (Cultural-Text) ਵਜੋਂ ਵਿਚਾਰਦਿਆਂ ਬਾਣੀਕਾਰਾਂ ਦੇ ਵਿਵਹਾਰਕ-ਜੀਵਨ ਤੋਂ ਨਿਖੇੜ ਕੇ ਨਾ ਗ੍ਰਹਿਣ ਕੀਤਾ ਜਾ ਸਕਦਾ ਹੈ ਤੇ ਨਾ ਹੀ ਇਸ ਦੇ ਮਹਾਨ ਆਦਰਸ਼ਾਂ ਅਤੇ ਸੰਕਲਪਾਂ ਦੀ ਥਾਹ ਪਾਈ ਜਾ ਸਕਦੀ ਹੈ। ਇਸ ਸੰਦਰਭ ਵਿਚ ਤਪਨ ਬੈਨਰਜੀ ਦੇ ਇਹ ਵਿਚਾਰ ਮੁੱਲਵਾਨ ਜਾਪਦੇ ਹਨ ਕਿ ਸਿੱਖ ਗੁਰੂਆਂ ਨੇ ਉਸ ਸਮੇਂ ਦੇ ਸਮਾਜ ਨੂੰ ਤਨੋ ਅਤੇ ਮਨੋ ਦੋਹਾਂ ਪੱਖਾਂ ਤੋਂ ਮਜ਼ਬੂਤ ਕੀਤਾ। ਉਨ੍ਹਾਂ ਨੇ ਦੇਸ਼ ਅਤੇ ਸਮਾਜ ਦੇ ਕਲਿਆਣ ਲਈ ਸਿਰਫ਼ ਸ਼ਬਦਾਂ ਰਾਹੀਂ ਉਪਦੇਸ਼ ਹੀ ਨਹੀਂ ਦਿੱਤੇ ਸਗੋਂ ਲੋੜ ਪੈਣ 'ਤੇ ਆਪਣੀ ਜਾਨ ਵਾਰਣ ਤੋਂ ਵੀ ਪਿੱਛੇ ਨਹੀਂ ਹਟੇ। ਉਨ੍ਹਾਂ ਨੇ ਅਜਿਹਾ ਮਹਾਨ ਇਤਿਹਾਸ ਰਚਿਆ, ਜਿਸ ਦੀ ਦੁਨੀਆਂ ਵਿਚ ਕੋਈ ਹੋਰ ਉਦਾਹਰਨ ਨਹੀਂ ਮਿਲਦੀ। ਉਨ੍ਹਾਂ ਨੇ ਉੱਚ-ਵਰਗ ਦੁਆਰਾ ਰਚੇ ਪਾਖੰਡ ਅਤੇ ਅਡੰਬਰ ਦੇ ਮੱਕੜਜਾਲ ਨੂੰ ਤੀਲਾ ਤੀਲਾ (ਤਾਰੋ-ਤਾਰ) ਕਰ ਦਿੱਤਾ ਅਤੇ ਤਤਕਾਲੀ ਭਾਰਤੀ ਪੀੜ੍ਹੀਆਂ ਨੂੰ ਸਾਂਸਕ੍ਰਿਤਿਕ ਚੇਤਨਾ ਨਾਲ ਜੋੜ ਕੇ ਅਤੀਤ ਦੀ ਸੰਪੰਨ ਵਿਰਾਸਤ ਤੋਂ ਜਾਣੂ ਕਰਵਾਇਆ।[4] ਇਸ ਤਰ੍ਹਾਂ ਗੁਰਮਤਿ-ਕਾਵਿ ਪਰੰਪਰਾ ਨੂੰ ਇਤਿਹਾਸਕ ਦ੍ਰਿਸ਼ਟੀ ਤੋਂ ਵਿਚਾਰਦਿਆਂ ਸਪੱਸ਼ਟ ਹੁੰਦਾ ਹੈ ਕਿ ਇਸ ਮਹਾਨ ਕਾਵਿ-ਪਰੰਪਰਾ ਦੇ ਆਦਰਸ਼ਾਂ ਅਤੇ ਅਕੀਦਿਆਂ ਨੂੰ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨਾ-ਕੇਵਲ ਨਵੇਂ ਵਿਸਤਾਰ ਦਿੰਦੀ ਹੈ ਸਗੋਂ ਮੁਗਲ ਸੱਤਾ ਵੱਲੋਂ ਸਿਰਜੇ ਮਾਇਆਵਾਦੀ ਸਭਿਆਚਾਰ ਦੇ ਸਮਾਂਨਾਤਰ ਨਿਰੋਏ ਨੈਤਿਕ ਮੁੱਲਾਂ 'ਤੇ ਅਧਾਰਿਤ ਮਾਨਵੀ ਸਭਿਆਚਾਰ ਦੀ ਸਿਰਜਣਾ ਵੀ ਕਰਦੀ ਹੈ। ਇਹ ਬਾਣੀ ਅਜਿਹੇ ਨੈਤਿਕ ਮੁੱਲਾਂ ਦੇ ਧਾਰਣੀ ਮਨੁੱਖ ਦਾ ਮਾਡਲ ਪ੍ਰਸਤੁਤ ਕਰਦੀ ਹੈ ਜੋ ਦੁੱਖ-ਸੁਖ, ਸਨੇਹ, ਬੰਧਨ, ਡਰ, ਲੋਭ, ਮੋਹ ਤੇ ਹੰਕਾਰ ਤੋਂ ਮੁਕਤ ਹੋ ਕੇ ਸਚਿਆਰਤਾ ਨੂੰ ਅੰਗੀਕਾਰ ਕਰਦਾ ਹੋਇਆ ਗੁਰਮੁੱਖ ਹੋ ਨਿਬੜਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ 15 ਰਾਗਾਂ ਵਿਚ ਦਰਜ ਹੋਈ ਮਿਲਦੀ ਹੈ। ਇਸ ਵਿਚ 57

ਸ਼ਲੋਕ ਅਤੇ 59 ਪਦੇ (ਸ਼ਬਦ) ਸ਼ਾਮਿਲ ਹਨ। ਇਨ੍ਹਾਂ ਵਿਚੋਂ 40 ਦੁਪਦੇ ਅਤੇ 19 ਤਿਪਦੇ ਹਨ। ਇਹ ਬਾਣੀ ਗੁਰਮਤਿ ਕਾਵਿ-ਪਰੰਪਰਾ ਦੇ ਮਹਾਨ ਆਦਰਸ਼ਾਂ ਅਤੇ ਸੰਕਲਪਾਂ ਨੂੰ ਨਵੇਂ ਅਰਥਾਂ ਅਤੇ ਪਾਸਾਰਾਂ ਵਿਚ ਪ੍ਰਸਤੁਤ ਕਰਦੀ ਹੈ। "ਜਿਥੇ ਗੁਰੂ ਸਾਹਿਬ ਦੇ ਜੀਵਨ ਵਿਚ ਤਿਆਗ ਤੇ ਸਾਹਸ ਦਾ ਸੁਮੇਲ ਅਤੇ ਦੂਸਰੇ ਦੇ ਦੂਸਰੇਪਣ ਦੀ ਰਾਖੀ ਲਈ ਜੀਵਨ ਕੁਰਬਾਨੀ, ਪੂਰੇ ਵਿਸ਼ਵ ਦੇ ਇਤਿਹਾਸ ਵਿਚ ਗੁਰੂ ਜੀ ਨੂੰ ਵਿਲੱਖਣ ਬਣਾਉਂਦੀ ਹੈ, ਉੱਥੇ ਉਨ੍ਹਾਂ ਦੀ ਬਾਣੀ ਭੈਅ-ਭੀਤ ਸਮਿਆਂ ਵਿਚ ਗੁਲਾਮ ਤੇ ਸਾਹਸਹੀਣ ਬੰਦੇ ਨੂੰ ਬੰਧਨ ਮੁਕਤ, ਭੈਅ-ਮੁਕਤ ਤੇ ਸਾਹਸੀ ਬੰਦੇ ਵਿਚ ਤਬਦੀਲ ਕਰਨ ਦਾ ਫ਼ਲਸਫ਼ਾ ਪ੍ਰਦਾਨ ਕਰਦੀ ਹੈ। ਇਸ ਫ਼ਲਸਫ਼ੇ ਨੂੰ ਆਤਮਸਸਾਤ ਕਰਕੇ ਤਬਦੀਲ ਹੋਇਆ ਮਧਕਾਲੀਨ ਯੁੱਗ ਦਾ ਬੰਦਾ ਸਚਿਆਰ ਹੋਇਆ ਅਜਿਹੇ ਸਭਿਅਚਾਰ ਦੇ ਸਿਰਜਕਾਂ ਦੀ ਪ੍ਰਤੀਨਿਧਤਾ ਕਰਦਾ ਹੈ ਜੋ ਮੁਗਲਈ ਸਭਿਅਚਾਰ ਦੇ ਪਦਾਰਥਕ ਤੇ ਦੇਹੀ ਜ਼ਸ਼ਨਾਂ ਵਾਲੇ ਖ਼ਾਸੇ ਦਾ ਨਾ-ਕੇਵਲ ਵਿਰੋਧ ਕਰਦੇ ਹਨ ਸਗੋਂ ਸਭਿਅਚਾਰਕ ਇਨਕਲਾਬ ਦੇ ਹਾਮੀ ਵੀ ਬਣਦੇ ਹਨ। ਇਸੇ ਤਬਦੀਲੀ ਨੂੰ ਪ੍ਰੋ. ਕਿਸ਼ਨ ਸਿੰਘ ਮਾਇਆ ਦੀ ਤਰਜ਼ੇ-ਜ਼ਿੰਦਗੀ ਦੇ ਵਿਰੋਧ ਵਿਚ ਨਾਮ ਦੀ ਤਰਜ਼ੇ-ਜ਼ਿੰਦਗੀ ਦਾ ਇਨਕਲਾਬੀ ਰਾਹ ਕਹਿੰਦਾ ਹੋਇਆ ਲਿਖਦਾ ਹੈ ਕਿ ਬਾਕੀ ਦੀ ਬਾਣੀ ਵਾਂਗ ਮਨੁੱਖ ਪੈਦਾ ਕਰਦੀ ਹੈ ਤਾਂ ਉਹ ਮਾਇਆ ਦੀ ਤਰਜ਼ੇ-ਜ਼ਿੰਦਗੀ ਦੇ ਵਿਰੁੱਧ ਇਨਕਲਾਬ ਪੈਦਾ ਕਰਦੀ ਹੈ। ਗੁਰੂ ਤੇਗ ਬਹਾਦਰ ਦੀ ਬਾਣੀ ਦਾ ਮੂਲ ਜ਼ਿੰਦਗੀ ਦਾ ਤਿਆਗ ਨਹੀਂ ਮਾਇਆ ਦੀ ਤਰਜ਼ੇ-ਜ਼ਿੰਦਗੀ ਦੇ ਵਿਰੁੱਧ ਇਨਕਲਾਬ ਹੈ।"[6] ਸਪੱਸ਼ਟ ਹੈ, ਗੁਰੂ ਤੇਗ ਬਹਾਦਰ ਜੀ ਦੀ ਬਾਣੀ ਮਾਇਆ ਦੀ ਤਰਜ਼ੇ-ਜ਼ਿੰਦਗੀ ਦੀ ਪਕਿਰਿਆ ਕਰ ਰਹੇ ਮੁਗਲਈ ਪਦਾਰਥਕ ਸਭਿਆਚਾਰ ਤੋਂ ਸੁਚੇਤ ਕਰਦੀ ਹੋਈ ਮਨੁੱਖ ਨੂੰ ਸਚਿਆਰ ਬਣਨ ਲਈ ਨਾ-ਕੇਵਲ ਚੇਤੰਨ ਕਰਦੀ ਹੈ ਸਗੋਂ ਮਾਨਵੀ ਗੌਰਵ ਨੂੰ ਬਲ ਦੇਣ ਵਾਲੇ ਨਾਮ ਦੇ ਸਭਿਆਚਾਰ ਦੀ ਸਿਰਜਣਾ ਵੀ ਕਰਦੀ ਹੈ :

➢ ਮਨ ਰੇ ਕਹਾ ਭਇਓ ਤੈ ਬਉਰਾ॥
ਅਹਿਨਿਸ ਅਉਧ ਘਟੈ ਨਾਹੀ ਜਾਨੈ, ਭਇਓ ਲੋਭ ਸੰਗਿ ਹਉਰਾ।ਰਹਾਉ॥

➢ ਜੋ ਤਨੁ ਤੈ ਅਪਨੋ ਕਰਿ ਮਾਨਿਓ ਅਰੁ ਸੁੰਦਰ ਗ੍ਰਿਹ ਨਾਰੀ॥
ਇਨ ਮੈ ਕਛੁ ਤੇਰੋ ਰੇ ਨਾਹਿ ਦੇਖੋ ਸੋਚ ਬਿਚਾਰੀ॥

➢ ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥

➢ ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥
ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ॥

➢ ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜ ਕੈ ਕਾਲਿ॥
ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ॥

ਇਉਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਉਚੇਰੇ ਨੈਤਿਕ ਗੁਣਾਂ ਦੇ ਮੁਜੱਸਮ ਨੈਤਿਕ ਸਭਿਆਚਾਰ ਦੀ ਸਿਰਜਣਾ ਲਈ ਅਜਿਹੇ ਸਚਿਆਰਕ ਮਨੁੱਖ ਨੂੰ ਆਦਰਸ਼ ਮਨੁੱਖ ਵਜੋਂ ਮਾਨਤਾ ਦਿੰਦੀ ਹੈ ਜੋ ਮਾਇਆ ਦਾ ਤਿਆਗ ਕਰਕੇ ਨਾਮ (ਹਰਿ ਨਾਮ) ਨਾਲ ਜੁੜਦਾ ਹੈ। ਅਜਿਹੇ ਮਨੁੱਖ ਲਈ ਇਸ ਬਾਣੀ ਵਿਚ ਮੁਕਤ, ਜੀਵਨ-ਮੁਕਤ, ਨਿਰਬਾਣਾ, ਨਿਰਭੈ, ਗਿਆਨੀ ਜੋਗੀ ਆਦਿ ਚਿਹਨਾਂ ਦਾ ਪ੍ਰਯੋਗ ਕੀਤਾ ਗਿਆ ਮਿਲਦਾ ਹੈ। ਅਜਿਹੇ ਮਨੁੱਖ ਦਾ ਖ਼ਾਸਾ ਇਹ ਹੁੰਦਾ ਹੈ ਕਿ ਉਹ ਸੱਤਾਧਾਰੀ ਜਮਾਤ ਵੱਲੋਂ ਸਿਰਜੇ ਮਾਇਆਵਾਦੀ ਕਦਰ-ਪ੍ਰਬੰਧ ਦਾ ਤਿਆਗ ਕਰਕੇ ਨੈਤਿਕ ਕਦਰਾਂ-ਕੀਮਤਾਂ 'ਤੇ ਅਧਾਰਿਤ ਕਦਰ-ਪ੍ਰਬੰਧ ਦੀ ਸਿਰਜਣਾ ਦਾ ਝੰਡਾਬਰਦਾਰ ਬਣਦਾ ਹੈ। ਗੁਰੂ ਸਾਹਿਬ ਦੀ "ਬਾਣੀ ਵਿਚ ਤਿਆਗ ਮਨੁੱਖੀ ਜੀਵਨ, ਸਮਾਜਿਕ ਸੰਬੰਧਾਂ ਅਤੇ ਪਦਾਰਥਕ ਲੋੜਾਂ ਦਾ ਨਹੀਂ ਸਗੋਂ ਸੱਤਾਧਾਰੀ ਤੇ ਸਾਧਨ-ਸੰਪੰਨ ਜਮਾਤਾਂ ਦੇ ਉਸ ਸਭਿਆਚਾਰਕ ਕਦਰ-ਪ੍ਰਬੰਧ ਦਾ ਹੈ, ਜੋ ਮਨੁੱਖ ਨੂੰ ਮਾਇਆ, ਪਦਾਰਥਾਂ ਤੇ ਸੱਤਾ ਦਾ ਗੁਲਾਮ ਬਣਾਉਂਦਾ ਹੈ।"[7] ਇਸ ਤਰ੍ਹਾਂ ਇਹ ਬਾਣੀ ਨਾ-ਕੇਵਲ ਸੱਤਾਧਾਰੀ ਧਿਰ ਦੇ ਮਾਇਆਵਾਦੀ ਸਭਿਅਚਾਰ ਵਿਰੁੱਧ ਪ੍ਰਤੀਕਰਮ ਸਿਰਜਦੀ ਹੈ ਸਗੋਂ ਮਾਨਵੀ ਗੌਰਵ ਨੂੰ ਬਹਾਲ ਕਰਨ ਵਾਲੀਆਂ ਨੈਤਿਕ ਕਦਰਾਂ-ਕੀਮਤਾਂ ਨਾਲ ਲੈਸ ਸਮਾਜ-ਸਭਿਆਚਾਰ ਦੀ ਸਿਰਜਣਾ ਕਰਨ ਲਈ ਅਗਵਾਈ ਵੀ ਕਰਦੀ ਹੈ। ਅਜਿਹਾ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਸਮਾਜ-ਸਭਿਆਚਾਰ ਵਿਚ ਵਿਚਰਣ ਵਾਲਾ ਮਨੁੱਖ ਨਿਰਭਉ, ਹੰਕਾਰ-ਘੁਮੰਡ ਰਹਿਤ, ਲੋਭ-ਮੋਹ ਤੋਂ ਮੁਕਤ ਹੋਵੇ :

➢ ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨ॥
ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ॥

➢ ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥

➢ ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ॥
ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ॥

➢ ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ॥
ਕਹੁ ਨਾਨਕ ਆਪਨ ਤਰੈ ਆਉਰਨ ਲੇਤ ਉਧਾਰ॥

ਸਪੱਸ਼ਟ ਹੈ, ਜਦੋਂ ਮਨੁੱਖ ਮੋਹ, ਲੋਭ, ਲਾਲਚ, ਭੈ, ਹਉਮੈ, ਮਮਤਾ ਆਦਿ ਨੂੰ ਤਿਆਗ ਕੇ ਸਚਿਆਰ ਮਨੁੱਖ ਬਣਦਾ ਹੈ ਤਾਂ ਉਸ ਵੱਲੋਂ ਸਿਰਜਿਆ ਸਮਾਜ-ਸਭਿਆਚਾਰ ਵੀ ਸਚਿਆਰ ਹੋ ਜਾਂਦਾ ਹੈ। ਅਜਿਹੇ ਕਲਿਆਣਕਾਰੀ ਸਮਾਜ-ਸਭਿਆਚਾਰ ਵਿਚ ਨਾ-ਕੇਵਲ ਸਚਿਆਰ ਮਨੁੱਖ ਦਾ ਉਧਾਰ ਹੁੰਦਾ ਹੈ ਸਗੋਂ ਉਹ ਦੂਜਿਆਂ ਦੇ ਉਧਾਰ ਦਾ ਸਬੱਬ ਵੀ ਬਣ ਜਾਂਦਾ ਹੈ। ਇਸ ਤਰ੍ਹਾਂ ਦੇ ਸਮਾਜ-ਸਭਿਆਚਾਰ ਵਿਚ ਸਮਾਜਿਕ-ਧਾਰਮਿਕ ਸਹਿਣਸ਼ੀਲਤਾ, ਰਵਾਦਾਰੀ, ਧਾਰਮਿਕ ਸਹਿਹੋਂਦ ਅਤੇ ਅਨੇਕਤਾ ਵਿਚ ਏਕਤਾ ਵਾਲੇ ਮਹਾਨ ਆਦਰਸ਼ਾਂ ਅਤੇ ਸੰਕਲਪਾਂ ਦੀ ਵੀ ਸਿਰਜਣਾ ਹੋ ਜਾਂਦੀ ਹੈ ਜਿਨ੍ਹਾਂ ਦੇ ਅੰਤਰਗਤ ਅਨੇਕ-ਵਾਦ (Pluralism) ਅਤੇ ਬਹੁ-ਸਭਿਆਚਾਰਵਾਦ (Multi-Culturism) ਜਿਹੇ ਵਰਤਾਰਿਆਂ ਦੀ ਹੋਂਦ ਸੰਭਵ ਜਾਪਦੀ ਹੈ। ਗੁਰੂ ਤੇਗ ਬਹਾਦਰ ਜੀ ਦਾ ਜੀਵਨ ਅਤੇ ਗੁਰਬਾਣੀ ਦੋਵੇਂ ਇਨ੍ਹਾਂ ਵਰਤਾਰਿਆਂ ਨੂੰ ਵਿਵਹਾਰਕ ਰੂਪ ਵਿਚ ਸਥਾਪਤ ਕਰਨ ਲਈ ਨਾ-ਕੇਵਲ ਅਗਵਾਈ ਕਰਦੇ ਹਨ ਸਗੋਂ ਨਾਜ਼ੁਕ ਤੋਂ ਨਾਜ਼ੁਕ ਸਥਿਤੀਆਂ ਵਿਚ ਮਨੁੱਖ ਨੂੰ ਅਜਿਹੇ ਕਾਰਜਾਂ ਲਈ ਜੂਝਦੇ ਰਹਿਣ ਲਈ ਵੀ ਸੁਚੇਤ ਕਰਦੇ ਹਨ। ਇਸ ਕਾਰਜ ਦੀ ਸਿਧੀ ਲਈ ਗੁਰੂ ਸਾਹਿਬ ਪ੍ਰਸ਼ਨ-ਉੱਤਰੀ ਸ਼ੈਲੀ ਰਾਹੀਂ ਇਉਂ ਮੁਖਾਤਿਬ ਹੁੰਦੇ ਹਨ :

➢ ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥

ਇਸ ਸਲੋਕ ਦੇ ਪ੍ਰਤੀ-ਉਤਰ ਰੂਪ ਵਿਚ ਅਗਲਾ ਸਲੋਕ ਤਤਕਾਲੀਨ ਸਮਾਜ ਸਭਿਆਚਾਰਕ ਤੇ ਵਿਚਾਰਧਾਰਕ ਪ੍ਰਸੰਗ ਨੂੰ ਭਵਿੱਖੀ ਸਮਾਜ-ਸਭਿਆਚਾਰਕ ਦ੍ਰਿਸ਼ਟੀ ਵਿਚ ਬਦਲਣ ਦੀ ਇਤਿਹਾਸਕ ਚੇਤਨਾ ਦਾ ਵਾਹਕ ਬਣਦਾ ਹੈ :

➢ ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥
ਨਾਨਕ ਸਭੁ ਕਿਛੁ ਤੁਮਾਰੇ ਹਾਥ ਮੈ ਤੁਮ ਹੀ ਹੋਤ ਸਹਾਇ॥

ਜ਼ਾਹਿਰ ਹੈ, ਇਹ ਉਹ 'ਬਲੁ' ਹੈ ਜਿਸ ਨੇ ਨਵੇਂ ਸਮਾਜ-ਸਭਿਆਚਾਰ ਦੀ ਸਿਰਜਣਾ ਵਿਚ ਇਤਿਹਾਸਕ ਭੂਮਿਕਾ ਅਦਾ ਕੀਤੀ। ਇਸ ਨਵੇਂ ਮਾਨਵਵਾਦੀ ਸਮਾਜ-ਸਭਿਆਚਾਰ ਨੇ ਅਜਿਹੀ ਸਭਿਆਚਾਰਕ ਚੇਤਨਾ ਨੂੰ ਪੈਦਾ ਕੀਤਾ ਜਿਸ ਨੇ ਭੈਅ-ਭੀਤ ਮਨੁੱਖ ਨੂੰ ਸ਼ਕਤੀਸ਼ਾਲੀ ਸੰਗਠਨ ਦੇ ਰੂਪ ਵਿਚ ਲਾਮਬੰਦ ਕਰਕੇ ਮੁਗਲ ਸੱਤਾ ਦੇ ਖਿਲਾਫ਼ ਅਜਿਹਾ ਮੁਹਾਜ ਖੜ੍ਹਾ ਕੀਤਾ ਜਿਸ ਦੇ ਸਾਹਮਣੇ ਸਭ ਬੰਧਨ, ਸੱਤਾ ਦਾ ਦਾਬਾ ਅਤੇ ਦੇਹੀ ਕੇਂਦਰਿਤ ਸਭਿਆਚਾਰਕ ਕਦਰਾਂ-ਕੀਮਤਾਂ ਢਹਿ-ਢੇਰੀ ਹੋ ਗਈਆਂ ਅਤੇ ਮੁਗਲਈ ਸੱਤਾ ਅਤੇ ਸਭਿਆਚਾਰ ਦਾ ਅੰਤ ਹੋ ਗਿਆ। ਇਸ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚਾਰਧਾਰਕ ਪੈਂਤੜੇ ਤੋਂ ਗੁਰਮਤਿ ਕਾਵਿ-ਪਰੰਪਰਾ ਦੇ ਅਕੀਦਿਆਂ ਨੂੰ ਸਿਧਾਂਤਕ ਤੇ ਵਿਵਹਾਰਕ ਰੂਪ ਵਿਚ ਨਾ-ਕੇਵਲ ਸੰਚਾਰਦੀ ਹੈ ਸਗੋਂ ਉਸ ਦੀਆਂ ਭਵਿੱਖੀ ਸੰਭਾਵਨਾਵਾਂ ਨੂੰ ਰੇਖਾਂਕਿਤ ਕਰਦੀ ਹੋਈ ਵੀ ਨਜ਼ਰ ਆਉਂਦੀ ਹੈ।

ਇਉਂ ਕਿ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਸਭਿਆਚਾਰਕ-ਪਾਠ (Cultural-Text) ਵਜੋਂ ਅਧਿਐਨ ਕਰਨ 'ਤੇ ਮਾਲੂਮ ਹੁੰਦਾ ਹੈ ਕਿ ਇਹ ਬਾਣੀ ਮਧਕਾਲੀਨ ਯੁਗ ਦੇ ਮੁਗਲ ਸੱਤਾਧਾਰੀਆਂ ਵੱਲੋਂ ਸਿਰਜੇ ਪਦਾਰਥਕ ਸਭਿਆਚਾਰ ਦੀਆਂ ਮਾਇਆਵਾਦੀ ਕਦਰਾਂ-ਕੀਮਤਾਂ ਨੂੰ ਨਾ-ਕੇਵਲ ਰੱਦ ਕਰਦੀ ਹੈ ਸਗੋਂ ਉਸ ਦੇ ਸਮਾਂਨਾਤਰ ਮੂਲ-ਮਾਨਵੀ ਕਦਰਾਂ-ਕੀਮਤਾਂ ਨਾਲ ਲਬਰੇਜ਼ ਮਾਨਵੀ ਸਭਿਆਚਾਰ ਦੀ ਸਿਰਜਣਾ ਵੀ ਕਰਦੀ ਹੈ। ਇਸ ਸਭਿਆਚਾਰ ਦੇ ਕੇਂਦਰ ਵਿਚ ਅਜਿਹਾ ਆਦਰਸ਼ ਮਨੁੱਖ ਹੈ ਜੋ 'ਗੁਰਮੁੱਖ' ਦੇ ਰੂਪ ਵਿਚ ਨਿਰਭੈਅ, ਨਿਰਵੈਰ ਤੇ ਸੰਤੋਖ ਦੇ ਗੁਣਾਂ ਦਾ ਧਾਰਣੀ ਹੈ। ਅਜਿਹੇ ਸਭਿਅਕ ਮਨੁੱਖ ਦੇ ਮਾਡਲ ਰਾਹੀਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਅਜਿਹੇ ਸਮਾਜ-ਸਭਿਆਚਾਰਕ ਵਰਤਾਰੇ ਦੀ ਸਿਰਜਣਾ ਦਾ ਆਧਾਰ ਸਿਰਜਦੀ ਹੈ ਜਿਸ ਵਿਚ ਮਨੁੱਖ ਅੰਧ-ਵਿਸ਼ਵਾਸ, ਜਾਤ-ਪਾਤ, ਫੋਕੇ ਕਰਮ-ਕਾਂਡ, ਤਿਆਗਵਾਦ, ਅਤਿ-ਭੋਗੀ ਤੇ ਵਿਕਾਰੀ ਜੀਵਨ ਦੀ ਥਾਂ ਘਰ-ਗ੍ਰਹਿਸਥੀ ਵਿਚ ਰਹਿੰਦਿਆਂ ਦਇਆ, ਸੰਤੋਖ ਤੇ ਬੰਦਗੀ ਨੂੰ ਧਾਰਣ ਕਰਦੇ ਹੋਏ ਬਰਾਬਰਤਾ ਆਜ਼ਾਦੀ ਅਤੇ ਸਾਂਝੀਵਾਲਤਾ ਵਾਲਾ ਜੀਵਨ ਬਸਰ ਕਰ ਸਕੇ। ਇਉਂ ਇਹ ਬਾਣੀ ਅਨੇਕਵਾਦ (Pluralism) ਨੂੰ ਮਾਨਤਾ ਦਿੰਦੀ ਹੋਈ ਬਹੁ-ਸਭਿਆਚਾਰਵਾਦ (Multi-Culrulism) ਦੀ ਸਥਾਪਨਾ ਲਈ ਨਿੱਗਰ ਅਗਵਾਈ ਕਰਦੀ ਹੈ।

### ਟਿੱਪਣੀਆਂ ਅਤੇ ਹਵਾਲੇ


1. ਡਾ. ਜਗਬੀਰ ਸਿੰਘ, ਬਾਣੀ ਸੰਸਾਰ, ਪੰਨਾ-09.
2. ਡਾ. ਹਰਿਭਜਨ ਸਿੰਘ, ਪਤਰਾਂਜਲੀ, ਪੰਨਾ-24.
3. ਡਾ. ਸਰਬਜੀਤ ਸਿੰਘ, 'ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਵਿਚਾਰਧਾਰਕ ਪ੍ਰਸੰਗ', ਡਾ. ਆਤਮ ਸਿੰਘ ਰੰਧਾਵਾ (ਸੰਪਾ.), ਸ੍ਰੀ ਗੁਰੂ ਤੇਗ ਬਹਾਦਰ: ਜੀਵਨ, ਫਲਸਫ਼ਾ ਤੇ ਸ਼ਹਾਦਤ, ਪੰਨਾ-123.
4. ਤਪਨ ਬੈਨਰਜੀ, ਸ੍ਰਿਸ਼ਟੀ ਦੀ ਚਾਦਰ, ਪੰਨਾ-13-14.
5. ਡਾ. ਮਹਿਲ ਸਿੰਘ (ਮੁ. ਸੰਪਾ.), ਸ੍ਰੀ ਗੁਰੂ ਤੇਗ ਬਹਾਦਰ: ਜੀਵਨ, ਫ਼ਲਸਫ਼ਾ ਤੇ ਸ਼ਹਾਦਤ, ਪੰਨਾ-08.
6. ਕਿਸ਼ਨ ਸਿੰਘ, ਗੁਰਬਾਣੀ ਦਾ ਸੱਚ, ਪੰਨਾ-188.
7. ਡਾ. ਸੁਖਦੇਵ ਸਿੰਘ ਸ਼ਿਰਸਾ, 'ਗੁਰੂ ਤੇਗ ਬਹਾਦਰ ਜੀ ਦੀ ਬਾਣੀ: ਇਹਿਸਕ-ਸਮਾਜਿਕ ਸੰਦਰਭ', ਡਾ. ਆਤਮ ਸਿੰਘ ਰੰਧਾਵਾ (ਸੰਪਾ.), ਸ੍ਰੀ ਗੁਰੂ ਤੇਗ ਬਹਾਦਰ: ਜੀਵਨ ਫ਼ਲਸਫ਼ਾ ਤੇ ਸ਼ਹਾਦਤ, ਪੰਨਾ-24.



***ਮੋਬਾ. 9463835412***



*(ਪੰਨਾ 222 ਦਾ ਬਾਕੀ)*


ਛੁਡਾਉਣੀ ਅਤੇ ਬੰਨ੍ਹਣੀ ਤੇ ਗੰਦ ਬਕਨਾ, ਪਰ ਇਹ ਗਰਦੀ ਦੁਵੱਲੀ ਪਈ ਹੋਈ ਹੈ। ਸਿਆਣੇ ਇਸ ਗੱਲ ਨੂੰ ਸੋਚਦੇ ਨਹੀਂ। ਨਿਆਣੇ ਅੰਧ-ਪਰੰਪਰਾਂ ਦੇ ਮਗਰ ਪਏ ਜਾਂਦੇ ਹਨ। ਸਗੋਂ ਇਨ੍ਹਾਂ ਅੰਨ੍ਹਿਆਂ ਦੇ ਮਗਰ ਹੀ ਅੰਨ੍ਹੇ ਕਵੀਸ਼ਰ ਅੰਨ੍ਹੀ ਕਵੀਸ਼ਰੀ ਦੀ ਅੰਨ੍ਹੀ ਮਿਸਾਲ ਬਾਲ ਕੇ ਹਨੇਰ ਖਾਣੇ ਸੁੱਟੀ ਜਾ ਰਹੇ ਹਨ ਤੇ ਜਾਵੀ ਵੀ ਢੂੰਡ-ਢੂੰਡ ਕੇ ਜੰਞਾਂ ਦੇ ਇਕੱਠ ਕਰਦੇ ਹਨ।"[10]

ਇਸ ਪ੍ਰਕਾਰ ਸਿੰਘ ਸਭੀਆਂ ਦਾ ਵਿਰੋਧ ਵੀ ਜਾਇਜ ਜਾਪਦਾ ਹੈ ਅਤੇ ਸਿੱਖ ਮਰਿਆਦਾ ਅਤੇ ਪਰੰਪਰਾ ਨੂੰ ਕਾਇਮ ਰੱਖਣਾ ਬਣਦਾ ਹੈ।

**ਪੱਤਲਕਾਰਾ ਵੱਲੋਂ ਵਿਰੋਧ** :-ਕੁੱਝ ਪੱਤਰਕਾਰ ਭੋਜਨ ਨੂੰ ਬੰਨ੍ਹਣਾ ਚੰਗਾ ਨਹੀਂ ਸਮਝਦੇ ਸਨ। ਉਨ੍ਹਾਂ ਦਾ ਕਹਿਣਾ ਹੈ ਕਿ ਬੱਧਾ ਭੋਜਨ ਸਰਾਫ਼ ਦਿੰਦਾ ਹੈ। ਭੋਜਨ ਸੰਬੰਧੀ ਅਜਿਹੀ ਧਾਰਨਾ ਨੂੰ ਗ਼ਲਤ ਦਰਸਾਇਆ ਗਿਆ ਹੈ। ਕਿਸੇ ਨੂੰ ਭੋਜਨ ਖਾਣ ਤੋਂ ਰੋਕਣਾ ਮਲਵਾਈ ਸਭਿਆਚਾਰ ਤੇ ਨੈਤਿਕ ਸਿਧਾਤਾਂ ਦੇ ਉੱਲਟ ਹੈ।

"ਬੰਨ੍ਹ ਦਿੱਤਾ ਭੋਜਨ ਸਿਖਾਈ ਮੱਤ ਕੀਹਨੇ ਤੁਹਾਨੂੰ, ਭੋਜਨ ਸਰਾਪ ਕੁਲ ਨਾਰਾ ਜੋ ਸੁਕਾਮਦਾ।
ਬੰਨੀਏ ਕ੍ਰੋਧ, ਲੋਭ, ਮੋਹ, ਹੰਕਰ ਤਾਈ, ਬੰਨ੍ਹ ਦਈਏਂ ਕਾਮ ਜੋ ਮਨੁੱਖ ਨੂੰ ਸਤਾਵਦਾ,
ਬੰਨ੍ਹ ਦੇਵੋ ਚੋਰ, ਯਾਰ, ਠੱਗ ਜੂਏਬਾਜ ਤਾਈ, ਬੰਨ੍ਹ ਦੇਈਏ ਡਾਕੂ ਜਿਹੜਾ ਖ਼ੂਨ ਕਰ ਜਾਣਦਾ,
ਸਾਦੀ ਗਮ ਬੰਨ੍ਹ ਦੇਈਏ ਸੂਤ ਜਿਥੋਂ ਟੁੱਟ ਜਾਵੇ, ਬੰਨ੍ਹ ਦਈਏ ਗ਼ਮ ਜਿਹੜਾ ਰੱਤ (ਖ਼ੂਨ) ਨੂੰ ਸੁਕਾਮਦਾ।
(ਪੱਤਲ ਕਾਵਿ ਪੰਨਾਂ-168)

ਉਪਰੋਕਤ ਬੰਦ ਅਨੁਸਾਰ ਸਿੱਖਿਆ ਦਿੱਤੀ ਗਈ ਹੈ ਕਿ ਅਤੇ ਪੱਤਲ-ਕਾਵਿ ਦੀਆਂ ਊਣਤਾਈਆਂ ਨੂੰ ਦੂਰ ਕਰ ਕੇ ਸੁਚਾਰੂ ਪੱਖ ਅੱਗੇ ਲਿਆਦਾ ਜਾ ਸਕੇ।

### ਹਵਾਲੇ ਅਤੇ ਟਿੱਪਣੀਆਂ


1. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ, ਪੰਨਾ-738.
2. ਡਾ. ਗੁਰਦੇਵ ਸਿੰਘ ਸਿੱਧੂ, ਪੱਤਲ-ਕਾਵਿ ਪੰਨਾ-3.
3. ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮਹੁੱਲਾ 1 ਪੰਨਾ-358.
4. ਪ੍ਰੋ. ਸਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੋਥੀ ਛੇਵੀ) ਪੰਨਾ-349.
5. ਪ੍ਰਿ. ਗੁਰਦਿੱਤ ਸਿੰਘ ਪ੍ਰੇਮੀ, ਦਮੋਦਰ ਰਚਨਾਵਲੀ ਬੰਦ ਨੰ: 417.
6. ਡਾ. ਜੀਤ ਸਿੰਘ ਸੀਤਲ, ਹੀਰ ਵਾਰਿਸ ਬੰਦ ਨੰ : 184, 197.
7. ਡਾ. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਕੋਸ਼ ਭਾਗ ਪਹਿਲਾ ਪੰਨਾ-407.
8. ਡਾ. ਗੁਰਦੇਵ ਸਿੰਘ ਸਿੱਧੂ, ਪੱਤਲ-ਕਾਵਿ ਪੰਨਾ-23.
9. ਗਿਆਨੀ ਗੁਰਦਿੱਤ ਸਿੰਘ, ਮੇਰਾ ਪਿੰਡ, ਪੰਨਾ-405.
10. ਨਿਰਗੁਨੀਆਰਾ ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ 20 ਸਤੰਬਰ 1903, ਪੱਤਲ-ਕਾਵਿ।



***ਮੋਬਾ. 8283805226***